# हो जाऊ किरपा बाबे नानक दी

ਉੱਠ ਕੇ ਰੋਜ਼ ਸਵੇਰੇ ਤੜ੍ਹਕੇ,
ਤਨ ਮਨ ਪਾਕ ਪਵਿੱਤਰ ਕਰਕੇ ॥,,
*ਨਿੱਤ ਗੁਰੂ ਦਵਾਰੇ ਜਾਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।
*ਤੂੰ ਰੱਬ ਦਾ ਨਾਮ ਧਿਆਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।

ਭਜਨ ਬੰਦਗੀ ਕਰਕੇ ਤੂੰ,
"ਮੂੰਹੋਂ ਮੰਗੀਆਂ ਮੁਰਾਦਾਂ ਪਾ ਲਏਂਗਾ " ।
ਘਰ ਤੇਰੇ ਵਿੱਚ ਰੌਣਕ ਹੋ ਜਾਊ,
"ਜੀਵਨ ਸਫ਼ਲ ਬਣਾ ਲਏਂਗਾ " ॥
*ਸ਼ਰਧਾ ਨਾਲ ਸੀਸ ਝੁਕਾਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।
*ਤੂੰ ਰੱਬ ਦਾ ਨਾਮ ਧਿਆਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।

ਫਿਰ ਖ਼ੂਬ ਤਰੱਕੀਆਂ ਪਾਵੇਂਗਾ,
"ਜੋ ਕਾਰੋਬਾਰ ਚਲਾਵੇਂਗਾ" ।
ਅਮਰਜੀਤ ਦੇ ਵਾਂਗੂ ਤੂੰ ਫਿਰ,
"ਜ਼ਿੰਦਗੀ ਦੇ ਸੁੱਖ ਪਾਵੇਂਗਾ" ॥
*ਤੂੰ ਮੈਲ ਵੀ ਮਨੋ ਹਟਾਇਆ ਕਰ,
"ਹੋ ਜਾਊ, ਕਿਰਪਾ ਬਾਬੇ ਨਾਨਕ ਦੀ" ।
*ਤੂੰ ਰੱਬ ਦਾ ਨਾਮ ਧਿਆਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।
*ਨਿੱਤ ਗੁਰੂ ਦਵਾਰੇ ਜਾਇਆ ਕਰ,
"ਹੋ ਜਾਊ ਕਿਰਪਾ ਬਾਬੇ ਨਾਨਕ ਦੀ" ।

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/24857/title/ho-jau-kirpa-babe-nanak-di

अपने Android मोबाइल पर BhajanGanga App डाउनलोड करें और भजनों का आनंद ले |